Australian Government
Services Australia

PUNJABI

# ਜੇ ਤੁਸੀਂ coronavirus (COVID-19) ਤੋਂ ਪ੍ਰਭਾਵਿਤ ਹੋ

## JobKeeper Payment

ਤੁਸੀਂ ਆਪਣੇ ਰੁਜ਼ਗਾਰਦਾਤੇ ਦੇ ਰਾਹੀਂ JobKeeper Payment ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ। ਸਾਡੇ ਕੋਲੋਂ ਆਮਦਨ ਸਹਾਇਤਾ ਭੁਗਤਾਨ ਦਾ ਦਾਅਵਾ ਕਰਨ ਤੋਂ ਪਹਿਲਾਂ ਉਹਨਾਂ ਨੂੰ ਪੁੱਛੋ ਕਿ ਜੇ ਉਹਨਾਂ ਨੇ ਇਸ ਭੁਗਤਾਨ ਵਾਸਤੇ ਰਜਿਸਟਰ ਕੀਤਾ ਹੈ। ਜੇ ਉਹਨਾਂ ਨੇ ਕੀਤਾ ਹੈ ਅਤੇ ਤੁਸੀਂ ਯੋਗ ਹੋ, ਤਾਂ ਤੁਹਾਡਾ ਰੁਜ਼ਗਾਰਦਾਤਾ ਤੁਹਾਨੂੰ ਇਸ ਦੀ ਅਦਾਇਗੀ ਕਰੇਗਾ।

ਜੇ ਤੁਹਾਨੂੰ ਕੋਈ ਆਮਦਨ ਸਹਾਇਤਾ ਭੁਗਤਾਨ ਮਿਲ ਰਿਹਾ ਹੈ ਅਤੇ ਤੁਹਾਡਾ ਰੁਜ਼ਗਾਰਦਾਤਾ ਤੁਹਾਨੂੰ JobKeeper Payment ਦਾ ਭੁਗਤਾਨ ਕਰਨਾ ਸ਼ੁਰੂ ਕਰ ਦਿੰਦਾ ਹੈ, ਤਾਂ ਤੁਹਾਨੂੰ ਲਾਜ਼ਮੀ ਤੌਰ ਤੇ ਉਸ ਆਮਦਨ ਦੀ ਰਿਪੋਰਟ ਸਾਨੂੰ ਕਰਨੀ ਚਾਹੀਦੀ ਹੈ। ਜੇ ਤੁਸੀਂ ਅਜਿਹਾ ਨਹੀਂ ਕਰਦੇ ਤਾਂ ਅਸੀਂ ਤੁਹਾਨੂੰ ਬਹੁਤ ਜ਼ਿਆਦਾ ਭੁਗਤਾਨ ਕਰ ਦੇਵਾਂਗੇ ਅਤੇ ਤੁਹਾਡੇ ਸਿਰ ਵਾਪਸ ਕਰਨ ਲਈ ਕਰਜ਼ਾ ਚੜ੍ਹ ਜਾਵੇਗਾ।

## ਜੇ ਤੁਹਾਨੂੰ Centrelink ਭੁਗਤਾਨ ਵਾਸਤੇ ਅਰਜ਼ੀ ਦੇਣ ਦੀ ਲੋੜ ਹੈ

ਅਸੀਂ ਬਦਲਾਅ ਕੀਤੇ ਹਨ ਤਾਂ ਜੋ ਤੁਹਾਡੇ ਵਾਸਤੇ ਭੁਗਤਾਨ ਦਾ ਦਾਅਵਾ ਕਰਨਾ ਵਧੇਰੇ ਆਸਾਨ ਹੋਵੇ। ਅਸੀਂ ਨਵੇਂ ਆਏ ਵਸਨੀਕਾਂ ਵਾਸਤੇ ਉਡੀਕ ਦੀ ਮਿਆਦ ਨੂੰ ਅਸਥਾਈ ਤੌਰ ਤੇ ਹਟਾ ਦਿੱਤਾ ਹੈ ਤਾਂ ਜੋ ਉਹ ਸਾਡੇ ਕੁਝ ਭੁਗਤਾਨਾਂ ਦਾ ਦਾਅਵਾ ਕਰ ਸਕਣ। ਇਹ ਜਾਂਚ ਕਰਨ ਲਈ ਸਾਡੀ ਭੁਗਤਾਨ ਵਾਲੀ ਗਾਈਡ ਦੀ ਵਰਤੋਂ ਕਰੋ ਕਿ ਤੁਹਾਡੇ ਵਾਸਤੇ ਕਿਹੜਾ ਭੁਗਤਾਨ ਸਹੀ ਹੈ। **servicesaustralia.gov.au/covid19** ਉੱਤੇ ਜਾਓ।

ਜੇ ਤੁਹਾਡੇ ਕੋਲ ਪਹਿਲਾਂ ਹੀ Centrelink Customer Reference Number (CRN) ਹੈ, ਤਾਂ ਤੁਸੀਂ ਔਨਲਾਈਨ ਦਾਅਵਾ ਕਰ ਸਕਦੇ ਹੋ। ਤੁਹਾਨੂੰ ਕਿਸੇ ਸੇਵਾ ਕੇਂਦਰ ਵਿੱਚ ਜਾਣ ਜਾਂ ਸਾਨੂੰ ਫੋਨ ਕਰਨ ਦੀ ਲੋੜ ਨਹੀਂ ਹੈ। Centrelink ਭੁਗਤਾਨ ਵਾਸਤੇ ਦਾਅਵਾ ਕਰਨ ਲਈ **my.gov.au** ਉੱਤੇ ਜਾਓ।

ਜੇ ਤੁਹਾਡੇ ਕੋਲ CRN ਨਹੀਂ ਹੈ, ਤਾਂ ਇਸ ਨੂੰ ਲੈਣ ਲਈ **my.gov.au** ਉੱਤੇ ਜਾਓ। ਤੁਸੀਂ ਆਪਣੀ ਪਛਾਣ ਸਥਾਪਿਤ ਕਰ ਸਕਦੇ ਹੋ ਅਤੇ ਆਪਣੇ ਦਾਅਵੇ ਨੂੰ ਸ਼ੁਰੂ ਕਰਨ ਲਈ ਆਪਣੇ myGov ਖਾਤੇ ਦੀ ਵਰਤੋਂ ਕਰਕੇ CRN ਪ੍ਰਾਪਤ ਕਰ ਸਕਦੇ ਹੋ। ਤੁਹਾਨੂੰ ਕਿਸੇ ਸੇਵਾ ਕੇਂਦਰ ਵਿੱਚ ਜਾਣ ਦੀ ਲੋੜ ਨਹੀਂ ਹੈ।

ਵਧੇਰੇ ਜਾਣਕਾਰੀ ਵਾਸਤੇ **servicesaustralia.gov.au/covid19** ਉੱਤੇ ਜਾਓ।

## Coronavirus Supplement

**Coronavirus Supplement** 31 ਦਸੰਬਰ 2020 ਤੱਕ ਪ੍ਰਤੀ ਪੰਦਰਵਾੜਾ 250 ਡਾਲਰ ਹੈ। 1 ਜਨਵਰੀ 2021 ਤੋਂ ਇਹ ਪ੍ਰਤੀ ਪੰਦਰਵਾੜਾ 150 ਡਾਲਰ ਹੋਵੇਗਾ।

ਤੁਹਾਨੂੰ ਇਹ ਸਪਲੀਮੈਂਟ 31 ਮਾਰਚ 2021 ਤੱਕ ਮਿਲੇਗਾ, ਜਦ ਤੱਕ ਤੁਹਾਨੂੰ ਇਹਨਾਂ ਵਿੱਚੋਂ ਕਿਸੇ ਵੀ ਭੁਗਤਾਨਾਂ ਵਿੱਚੋਂ ਘੱਟੋ ਘੱਟ 1 ਡਾਲਰ ਪ੍ਰਾਪਤ ਹੋਣਗੇ:

- JobSeeker Payment
- Widow Allowance
- Partner Allowance
- Youth Allowance

- Austudy
- ABSTUDY Living Allowance
- Parenting Payment
- Farm Household Allowance
- Special Benefit।

ਤੁਹਾਡੇ ਆਮ ਭੁਗਤਾਨ ਦੇ ਹਿੱਸੇ ਵਜੋਂ ਅਸੀਂ ਇਸ ਨੂੰ ਆਪਣੇ ਆਪ ਤੁਹਾਡੇ ਬੈਂਕ ਦੇ ਖਾਤੇ ਵਿੱਚ ਅਦਾ ਕਰਾਂਗੇ।

## Economic Support Payments

ਆਰਥਿਕ ਸਹਾਇਤਾ ਭੁਗਤਾਨ ਸਾਡੇ ਕੋਲੋਂ ਕੁਝ ਵਿਸ਼ੇਸ਼ ਭੁਗਤਾਨ ਜਾਂ ਰਿਆਇਤੀ ਕਾਰਡ ਪ੍ਰਾਪਤ ਕਰਨ ਵਾਲੇ ਲੋਕਾਂ ਵਾਸਤੇ ਇਕ ਵਾਧੂ ਭੁਗਤਾਨ ਹੈ। ਅਸੀਂ 2020 ਵਿੱਚ ਯੋਗ ਗਾਹਕਾਂ ਨੂੰ 750 ਡਾਲਰ ਦੇ 2 Economic Support Payments ਦਾ ਭੁਗਤਾਨ ਕੀਤਾ।

ਅਸੀਂ ਦਸੰਬਰ 2020 ਅਤੇ ਮਾਰਚ 2021 ਵਿੱਚ ਯੋਗ ਲੋਕਾਂ ਨੂੰ 250 ਡਾਲਰ ਦੇ 2 ਹੋਰ Economic Support Payments ਦਾ ਭੁਗਤਾਨ ਕਰਾਂਗੇ।

ਜੇ ਤੁਸੀਂ ਇਕ ਮੁਸ਼ਤ ਰਕਮ ਵਜੋਂ Family Tax Benefit (FTB) ਦਾ ਦਾਅਵਾ ਕਰਦੇ ਹੋ, ਤਾਂ ਤੁਹਾਨੂੰ ਆਪਣੀ ਇਕ ਮੁਸ਼ਤ ਰਕਮ ਦੇ ਨਾਲ ਭੁਗਤਾਨ ਪ੍ਰਾਪਤ ਹੋਵੇਗਾ।

ਜੇ ਤੁਸੀਂ ਸਾਡੇ ਕੋਲੋਂ ਹੇਠ ਲਿਖੇ ਭੁਗਤਾਨ ਜਾਂ ਰਿਆਇਤ ਕਾਰਡ ਪ੍ਰਾਪਤ ਕਰਦੇ ਹੋ ਤਾਂ ਤੁਸੀਂ ਯੋਗ ਹੋ:

- Age Pension
- Carer Allowance
- Carer Payment
- Commonwealth Seniors Health Card
- Disability Support Pension
- Double Orphan Pension
- Family Tax Benefit
- Pensioner Concession Card

ਅਸੀਂ ਤੁਹਾਨੂੰ ਆਪਣੇ ਆਪ ਭੁਗਤਾਨ ਕਰਾਂਗੇ, ਇਸ ਲਈ ਤੁਹਾਨੂੰ ਅਰਜ਼ੀ ਦੇਣ ਦੀ ਕੋਈ ਲੋੜ ਨਹੀਂ ਹੈ।

ਜੇ ਤੁਹਾਨੂੰ Coronavirus Supplement ਮਿਲਦਾ ਹੈ ਤਾਂ ਤੁਹਾਨੂੰ ਭੁਗਤਾਨ ਨਹੀਂ ਮਿਲੇਗਾ।

### Department of Veterans' Affairs ਦੇ ਗਾਹਕ

ਜੇ ਤੁਹਾਨੂੰ ਕੋਈ ਯੋਗ DVA ਲਾਭ ਮਿਲਦਾ ਹੈ, Department of Veterans' Affairs (DVA) ਤੁਹਾਨੂੰ Economic Support Payment ਦਾ ਭੁਗਤਾਨ ਕਰੇਗਾ। ਤੁਸੀਂ **dva.gov.au** ਵਿਖੇ ਹੋਰ ਜਾਣ ਸਕਦੇ ਹੋ।

## Special Benefit

ਨਵੇਂ ਆਏ ਵਸਨੀਕਾਂ ਦੀ ਉਡੀਕ ਵਾਲੀ ਮਿਆਦ (NARWP) ਤੋਂ ਇਲਾਵਾ, Special Benefit ਵਾਸਤੇ ਰਿਹਾਇਸ਼ ਅਤੇ ਯੋਗਤਾ ਦੇ ਨਿਯਮਾਂ ਵਿੱਚ ਕੋਈ ਤਬਦੀਲੀਆਂ ਨਹੀਂ ਹਨ। ਇਸ ਨੂੰ 31 ਮਾਰਚ 2021 ਤੱਕ Special Benefit ਦੇ ਦਾਅਵਿਆਂ ਵਾਸਤੇ ਹਟਾ ਦਿੱਤਾ ਗਿਆ ਹੈ।

ਜੇ ਤੁਸੀਂ ਸਾਡੇ ਕੋਲੋਂ ਕੋਈ ਹੋਰ ਆਮਦਨ ਸਹਾਇਤਾ ਭੁਗਤਾਨ ਨਹੀਂ ਪ੍ਰਾਪਤ ਕਰ ਸਕਦੇ ਅਤੇ ਤੁਹਾਨੂੰ ਗੰਭੀਰ ਵਿੱਤੀ ਤੰਗੀ ਆ ਰਹੀ ਹੈ ਤਾਂ ਤੁਹਾਨੂੰ Special Benefit ਮਿਲ ਸਕਦਾ ਹੈ।

ਯੋਗ ਹੋਣ ਲਈ ਤੁਹਾਨੂੰ ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਨੂੰ ਪੂਰਾ ਕਰਨ ਦੀ ਲੋੜ ਪਵੇਗੀ:

- ਤੁਸੀਂ ਇੰਨੇ ਲੰਬੇ ਸਮੇਂ ਤੋਂ ਆਸਟ੍ਰੇਲੀਆ ਵਿੱਚ ਨਹੀਂ ਰਹਿ ਰਹੇ ਹੋ ਕਿ Age Pension ਜਾਂ Disability Support Pension ਵਾਸਤੇ ਯੋਗਤਾ ਪੂਰੀ ਕਰ ਸਕੋ
- ਤੁਹਾਡੇ ਕੋਲ ਯੋਗ ਅਸਥਾਈ ਵੀਜ਼ਾ ਹੈ
- ਤੁਸੀਂ ਆਸਟ੍ਰੇਲੀਆ ਦੇ ਨਾਗਰਿਕ ਹੋ ਜਾਂ 16 ਸਾਲ ਤੋਂ ਘੱਟ ਉਮਰ ਦੇ ਸਥਾਈ ਵਸਨੀਕ ਹੋ।

ਵਧੇਰੇ ਜਾਣਕਾਰੀ ਵਾਸਤੇ **servicesaustralia.gov.au/specialbenefit** ਉੱਤੇ ਜਾਓ।

## Crisis Payment— ਕੌਮੀ ਸਿਹਤ ਸੰਕਟਕਾਲ

ਜੇ ਤੁਸੀਂ ਹੇਠ ਲਿਖਿਆਂ ਸਭ ਨੂੰ ਪੂਰਾ ਕਰਦੇ ਹੋ, ਤੁਸੀਂ ਜਾਂ ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰ ਰਹੇ ਹੋ, ਉਹ Crisis Payment ਵਾਸਤੇ ਯੋਗਤਾ ਪੂਰੀ ਕਰ ਸਕਦਾ ਹੈ:

- ਤੁਹਾਡੇ ਵਿੱਚੋਂ ਕੋਈ ਵੀ coronavirus ਕਰਕੇ ਦੂਸਰਿਆਂ ਤੋਂ ਪਰ੍ਹੇ ਜਾਂ ਇਕੱਲਤਾ ਵਿੱਚ ਰਹਿ ਰਿਹਾ ਹੈ
- ਤੁਸੀਂ ਗੰਭੀਰ ਵਿੱਤੀ ਮੁਸ਼ਕਿਲ ਵਾਲੀਆਂ ਕਸੌਟੀਆਂ ਨੂੰ ਪੂਰਾ ਕਰਦੇ ਹੋ
- ਤੁਸੀਂ ਆਮਦਨ ਸਹਾਇਤਾ ਭੁਗਤਾਨ ਵਾਸਤੇ ਯੋਗਤਾ ਦੇ ਨਿਯਮਾਂ ਨੂੰ ਪੂਰਾ ਕਰਦੇ ਹੋ
- ਜਦੋਂ ਤੁਸੀਂ Crisis Payment ਦਾ ਦਾਅਵਾ ਕਰਦੇ ਹੋ ਤਾਂ ਤੁਸੀਂ ਆਸਟ੍ਰੇਲੀਆ ਵਿੱਚ ਹੋ।

ਵਧੇਰੇ ਜਾਣਕਾਰੀ ਵਾਸਤੇ **servicesaustralia.gov.au/crisispayment** ਉੱਤੇ ਜਾਓ।

## Child Care Subsidy ਅਤੇ Additional Child Care Subsidy

ਜੇ ਤੁਹਾਡਾ ਬੱਚਾ ਬਾਲ-ਸੰਭਾਲ ਕੇਂਦਰ ਵਿੱਚ ਹਾਜ਼ਰ ਨਹੀਂ ਹੋ ਸਕਦਾ, ਤਾਂ ਤੁਹਾਨੂੰ ਆਪਣੀ ਬਾਲ-ਸੰਭਾਲ ਸੇਵਾ ਨਾਲ ਗੱਲ ਕਰਨੀ ਚਾਹੀਦੀ ਹੈ। ਤੁਸੀਂ ਹਰ ਸਾਲ ਕਿਸੇ ਵੀ ਕਾਰਣ ਕਰਕੇ ਪ੍ਰਤੀ ਬੱਚਾ 42 ਗੈਰ-ਹਾਜ਼ਰੀਆਂ ਵਾਸਤੇ Child Care Subsidy ਪ੍ਰਾਪਤ ਕਰ ਸਕਦੇ ਹੋ। ਜੇ COVID-19 ਕਰਕੇ ਤੁਹਾਡਾ ਬੱਚਾ ਹਾਜ਼ਰ ਨਹੀਂ ਹੋ ਸਕਦਾ ਤਾਂ ਤੁਹਾਨੂੰ ਆਪਣੀ ਸੇਵਾ ਨਾਲ ਆਪਣੇ ਵਿਕਲਪਾਂ ਬਾਰੇ ਗੱਲ ਕਰਨੀ ਚਾਹੀਦੀ ਹੈ।

### ਆਪਣੇ ਸਰਗਰਮੀ ਦੇ ਘੰਟਿਆਂ ਨੂੰ ਨਵਿਆਉਣਾ

Child Care Subsidy ਦੇ ਘੰਟਿਆਂ ਦੀ ਗਿਣਤੀ ਜੋ ਤੁਸੀਂ ਹਰ ਪੰਦਰਵਾੜੇ ਵਿੱਚ ਪ੍ਰਾਪਤ ਕਰ ਸਕਦੇ ਹੋ, ਇਹ ਤੁਹਾਡੇ ਅਤੇ ਤੁਹਾਡੇ ਸਾਥੀ ਵੱਲੋਂ ਕੀਤੀ ਜਾਂਦੀ ਗਤੀਵਿਧੀ ਦੇ ਘੰਟਿਆਂ ਉੱਤੇ ਨਿਰਭਰ ਕਰਦੀ ਹੈ। ਜੇ ਤੁਹਾਡੇ ਮਾਨਤਾ ਦਿੱਤੇ ਗਏ ਸਰਗਰਮੀ ਦੇ ਘੰਟਿਆਂ ਵਿੱਚ ਤਬਦੀਲੀ ਆਈ ਹੈ, ਤਾਂ ਇਹ ਯਕੀਨੀ ਬਣਾਓ ਕਿ ਤੁਸੀਂ ਇਸ ਨੂੰ ਨਵਿਆਉਂਦੇ ਹੋ।

ਜੇ COVID-19 ਕਰਕੇ ਤੁਹਾਡਾ ਪਰਿਵਾਰ ਘੱਟ ਗਤੀਵਿਧੀ ਕਰ ਰਿਹਾ ਹੈ, ਤਾਂ ਤੁਸੀਂ ਵਾਧੂ Child Care Subsidy ਘੰਟਿਆਂ ਵਾਸਤੇ ਅਰਜ਼ੀ ਦੇ ਸਕਦੇ ਹੋ। ਜੇ ਯੋਗ ਹੋਵੋ, ਤਾਂ ਤੁਸੀਂ 13 ਜੁਲਾਈ 2020 ਅਤੇ 4 ਅਪ੍ਰੈਲ 2021 ਦੇ ਵਿਚਕਾਰ 100 ਘੰਟੇ ਪ੍ਰਤੀ ਪੰਦਰਵਾੜੇ ਤੱਕ ਪ੍ਰਾਪਤ ਕਰ ਸਕਦੇ ਹੋ।

## ਆਰਜ਼ੀ ਵੀਜ਼ਾ ਸਬਕਲਾਸ (ਉਪ-ਸ਼੍ਰੇਣੀ) ਧਾਰਕ

ਜੇ ਤੁਹਾਡੇ ਕੋਲ ਅਸਥਾਈ ਵੀਜ਼ਾ ਹੈ ਤਾਂ ਜਿੰਨ੍ਹਾਂ ਭੁਗਤਾਨਾਂ ਦਾ ਦਾਅਵਾ ਤੁਸੀਂ ਕਰ ਸਕਦੇ ਹੋ ਉਸ ਵਿੱਚ ਕੋਈ ਤਬਦੀਲੀਆਂ ਨਹੀਂ ਹਨ।

ਆਰਜ਼ੀ ਵੀਜ਼ਾ ਉਪ-ਸ਼੍ਰੇਣੀਆਂ 060, 070, 309, 449, 785, 786, 790 ਅਤੇ 820 ਹੇਠ ਲਿਖਿਆਂ ਵਾਸਤੇ ਯੋਗ ਹੋ ਸਕਦੀਆਂ ਹਨ:

- Crisis Payment
- Dad and Partner Pay
- Double Orphan Pension
- Family Tax Benefit
- Low Income Health Care Card
- Parental Leave Pay
- Special Benefit
- Stillborn Baby Payment।

ਵਧੇਰੇ ਜਾਣਕਾਰੀ ਵਾਸਤੇ **servicesaustralia.gov.au/visaholders** ਉੱਤੇ ਜਾਓ।

## Newly arrived resident’s waiting period

ਅਸੀਂ 31 ਮਾਰਚ 2021 ਤੱਕ, NARWP ਅਤੇ Parenting Payment ਵਾਸਤੇ ਯੋਗਤਾ ਪੂਰੀ ਕਰਨ ਵਾਲੀ ਰਿਹਾਇਸ਼ ਮਿਆਦ ਨੂੰ ਅਸਥਾਈ ਤੌਰ ਤੇ ਹਟਾ ਦਿੱਤਾ ਹੈ। ਇਸ ਦਾ ਮਤਲਬ ਹੈ ਕਿ ਜੇ ਤੁਸੀਂ ਹਾਲ ਹੀ ਵਿੱਚ ਆਸਟ੍ਰੇਲੀਆ ਆਏ ਹੋ ਤਾਂ ਇਹਨਾਂ ਵਿੱਚੋਂ ਕਿਸੇ ਭੁਗਤਾਨ ਦਾ ਦਾਅਵਾ ਕਰਨ ਲਈ ਤੁਹਾਨੂੰ ਉਡੀਕ ਕਰਨ ਦੀ ਲੋੜ ਨਹੀਂ ਹੈ:

- Austudy
- Farm Household Allowance
- JobSeeker Payment
- Parenting Payment
- Special Benefit
- Youth Allowance.

ਵਧੇਰੇ ਜਾਣਕਾਰੀ ਵਾਸਤੇ **servicesaustralia.gov.au/newresidentswaiting** ਉੱਤੇ ਜਾਓ

## ਮੌਸਮੀ ਕੰਮ ਤੋਂ ਪਹਿਲਾਂ ਦੀ ਮਿਆਦ

ਮੌਸਮੀ ਕੰਮ ਉਹ ਕੰਮ ਹੈ ਜੋ ਕੇਵਲ ਸਾਲ ਦੇ ਕੁਝ ਹਿੱਸਿਆਂ ਵਾਸਤੇ ਉਪਲਬਧ ਹੈ। Coronavirus ਕਰਕੇ ਅਸੀਂ ਮੌਸਮੀ ਕੰਮ ਤੋਂ ਵੱਖਰੇ ਹੋਣ ਦੀ ਮਿਆਦ ਨੂੰ ਇਹਨਾਂ ਵਾਸਤੇ 31 ਮਾਰਚ 2021 ਤੱਕ ਹਟਾ ਦਿੱਤਾ ਹੈ:

- Austudy
- ABSTUDY
- Farm Household Allowance
- JobSeeker Payment
- Parenting Payment
- Special Benefit

- Youth Allowance।

ਵਧੇਰੇ ਜਾਣਕਾਰੀ ਵਾਸਤੇ **servicesaustralia.gov.au/covid19** ਉੱਤੇ ਜਾਓ।

# ਜੀਵਨ ਸਾਥੀ ਆਮਦਨ ਟੈਸਟ

ਜੇ ਤੁਹਾਨੂੰ JobSeeker Payment ਮਿਲਦੀ ਹੈ, ਤਾਂ ਅਸੀਂ ਤੁਹਾਡੇ ਭੁਗਤਾਨ ਦੇ ਬੰਦ ਹੋਣ ਤੋਂ ਪਹਿਲਾਂ ਤੁਹਾਡੇ ਸਾਥੀ ਦੀ ਅਸਥਾਈ ਤੌਰ ਤੇ ਉਸ ਰਕਮ ਵਿੱਚ ਵਾਧਾ ਕਰ ਦਿੱਤਾ ਹੈ ਕਿ ਉਹ ਕਿੰਨਾ ਕਮਾ ਸਕਦਾ ਹੈ।

25 ਸਤੰਬਰ 2020 ਤੋਂ ਲੈ ਕੇ, ਤੁਹਾਡਾ ਭੁਗਤਾਨ ਹਰੇਕ ਡਾਲਰ ਵਾਸਤੇ 25 ਸੈਂਟਾਂ ਦੀ ਬਜਾਏ 27 ਸੈਂਟ ਤੱਕ ਘੱਟ ਜਾਵੇਗਾ, ਕਿਉਂਕਿ ਤੁਹਾਡਾ ਸਾਥੀ 1165 ਡਾਲਰ ਪ੍ਰਤੀ ਪੰਦਰਵਾੜੇ ਤੋਂ ਵੱਧ ਕਮਾਉਂਦਾ ਹੈ। ਜੇ ਤੁਹਾਨੂੰ ਦਵਾਈਆਂ (ਫਾਰਮਾਸਿਊਟੀਕਲ) ਵਾਲਾ ਭੱਤਾ ਜਾਂ ਕਿਰਾਏ ਵਾਲੀ ਸਹਾਇਤਾ ਮਿਲਦੀ ਹੈ ਤਾਂ ਇਹ ਰਕਮ ਬਦਲ ਸਕਦੀ ਹੈ। ਜੇ ਤੁਹਾਡੀ ਆਮਦਨ 300 ਡਾਲਰ ਪ੍ਰਤੀ ਪੰਦਰਵਾੜੇ ਤੋਂ ਘੱਟ ਹੈ, ਤਾਂ ਤੁਹਾਡੀ ਭੁਗਤਾਨ ਨੂੰ ਜ਼ੀਰੋ ਤੱਕ ਘੱਟ ਕਰਨ ਤੋਂ ਪਹਿਲਾਂ ਤੁਹਾਡਾ ਸਾਥੀ 3086.11 ਡਾਲਰ ਤੱਕ ਕਮਾ ਸਕਦਾ ਹੈ।

ਵਧਿਆ ਹੋਇਆ ਭਾਈਵਾਲ ਆਮਦਨ ਟੈਸਟ Status Resolution Support Services ਭੁਗਤਾਨ ਉੱਤੇ ਲਾਗੂ ਨਹੀਂ ਹੁੰਦਾ ਹੈ।

ਤੁਸੀਂ ਕਿੰਨਾ ਪ੍ਰਾਪਤ ਕਰ ਸਕਦੇ ਹੋ ਅਤੇ ਤੁਹਾਡੀ ਆਮਦਨ ਅਤੇ ਜਾਇਦਾਦਾਂ ਦੀਆਂ ਸੀਮਾਵਾਂ ਕੀ ਹਨ, ਇਸ ਬਾਰੇ ਵਧੇਰੇ ਜਾਣਕਾਰੀ ਵਾਸਤੇ **servicesaustralia.gov.au/jsp** ਉੱਤੇ ਜਾਓ

# ਆਮਦਨ ਦੀ ਰਿਪੋਰਟ ਕਰਨੀ

ਜਦੋਂ ਅਸੀਂ ਆਮਦਨ ਸਹਾਇਤਾ ਵਾਸਤੇ ਤੁਹਾਡੇ ਦਾਅਵੇ ਨੂੰ ਮਨਜ਼ੂਰ ਕਰਦੇ ਹਾਂ, ਤਾਂ ਤੁਹਾਨੂੰ ਲਾਜ਼ਮੀ ਤੌਰ ਤੇ ਸਾਨੂੰ ਆਪਣੀ ਅਤੇ ਆਪਣੇ ਸਾਥੀ ਦੀ ਆਮਦਨ ਬਾਰੇ ਦੱਸਣਾ ਚਾਹੀਦਾ ਹੈ। ਅਸੀਂ ਤਦ ਤੱਕ ਤੁਹਾਡਾ ਪਹਿਲਾ ਭੁਗਤਾਨ ਨਹੀਂ ਕਰ ਸਕਦੇ ਜਦ ਤੱਕ ਤੁਸੀਂ ਅਜਿਹਾ ਨਹੀਂ ਕਰਦੇ।

ਤੁਹਾਨੂੰ ਆਪਣੀ ਅਤੇ ਆਪਣੇ ਸਾਥੀ ਦੀ ਆਮਦਨ ਦੀ ਰਿਪੋਰਟ ਹਰ ਪੰਦਰਵਾੜੇ ਬਾਅਦ ਸਾਨੂੰ ਕਰਨੀ ਚਾਹੀਦੀ ਹੈ ਭਾਂਵੇਂ ਕਿ ਇਹ 0 ਡਾਲਰ ਵੀ ਹੋਵੇ।

ਇਹ ਇਸ ਕਰਕੇ ਹੈ ਤਾਂ ਜੋ ਅਸੀਂ ਤੁਹਾਨੂੰ ਸਹੀ ਰਾਸ਼ੀ ਅਦਾ ਕਰ ਸਕੀਏ।

ਵਧੇਰੇ ਜਾਣਕਾਰੀ ਵਾਸਤੇ **servicesaustralia.gov.au/incomereporting** ਉੱਤੇ ਜਾਓ

# ਸਾਂਝੀ ਜ਼ਿੰਮੇਵਾਰੀ ਦੀਆਂ ਲੋੜਾਂ

ਕੁਝ ਚੀਜ਼ਾਂ ਹਨ ਜੋ ਤੁਹਾਨੂੰ ਭੁਗਤਾਨ ਪ੍ਰਾਪਤ ਕਰਦੇ ਰਹਿਣ ਲਈ ਕਰਨੀਆਂ ਚਾਹੀਦੀਆਂ ਹਨ। ਅਸੀਂ ਇਹਨਾਂ ਨੂੰ ਸਾਂਝੀ ਜ਼ਿੰਮੇਵਾਰੀ ਜਾਂ ਹਿੱਸੇਦਾਰੀ ਦੀਆਂ ਲੋੜਾਂ ਕਹਿੰਦੇ ਹਾਂ। ਤੁਹਾਡੇ ਕੋਲ ਇਹ ਹੋ ਸਕਦੀਆਂ ਹਨ, ਜੇ ਤੁਹਾਨੂੰ ਇਹਨਾਂ ਵਿੱਚੋਂ ਕੋਈ ਭੁਗਤਾਨ ਮਿਲ ਰਿਹਾ ਹੈ:

- JobSeeker Payment
- Parenting Payment
- Special Benefit
- Youth Allowance as a job seeker

ਤਾਜ਼ਾ ਜਾਣਕਾਰੀਆਂ ਲਈ **servicesaustralia.gov.au/mutualobligation** ਜਾਂ ਆਪਣੇ myGov ਖਾਤੇ ਨੂੰ ਜਾਂਚੋ।

# ਹੋਰ ਸਹਾਇਤਾ ਸੇਵਾਵਾਂ ਜੋ ਤੁਹਾਡੀ ਮਦਦ ਕਰ ਸਕਦੀਆਂ ਹਨ

## Payment and Service Finder

ਆਪਣੇ ਸਥਾਨਿਕ ਖੇਤਰ ਵਿੱਚ ਸਹਾਇਤਾ ਸੇਵਾਵਾਂ ਲੱਭਣ ਲਈ Payment and Service Finder ਦੀ ਵਰਤੋਂ ਕਰੋ। ਇਸ ਵਿੱਚ ਸਲਾਹ-ਮਸ਼ਵਰਾ ਅਤੇ ਮਾਨਸਿਕ ਸਿਹਤ ਸੇਵਾਵਾਂ ਸ਼ਾਮਲ ਹੋ ਸਕਦੀਆਂ ਹਨ।

ਵਧੇਰੇ ਜਾਣਕਾਰੀ ਲਈ **servicesaustralia.gov.au/servicefinder** ਉੱਤੇ ਜਾਓ।

## ਪਰਿਵਾਰਕ ਅਤੇ ਘਰੇਲੂ ਹਿੰਸਾ

ਜੇ ਤੁਸੀਂ ਪਰਿਵਾਰਕ ਅਤੇ ਘਰੇਲੂ ਹਿੰਸਾ ਤੋਂ ਪ੍ਰਭਾਵਿਤ ਹੋ, ਤਾਂ ਅਸੀਂ ਮਦਦ ਕਰ ਸਕਦੇ ਹਾਂ। ਅਸੀਂ ਜਾਣਕਾਰੀ, ਸਹਾਇਤਾ ਅਤੇ ਸਿਫਾਰਸ਼ ਵਾਲੀਆਂ ਚਿੱਠੀਆਂ ਪ੍ਰਦਾਨ ਕਰਦੇ ਹਾਂ।

ਵਧੇਰੇ ਜਾਣਕਾਰੀ ਲਈ **servicesaustralia.gov.au/domesticviolence** ਉੱਤੇ ਜਾਓ।

## ਸਮਾਜ ਸੇਵਕ ਦੀਆਂ ਸੇਵਾਵਾਂ

ਸਹਾਇਤਾ ਸੇਵਾਵਾਂ ਵਾਸਤੇ ਥੋੜ੍ਹੀ ਮਿਆਦ ਦੀ ਸਲਾਹ, ਜਾਣਕਾਰੀ ਅਤੇ ਸਿਫਾਰਸ਼ ਵਾਲੀਆਂ ਚਿੱਠੀਆਂ ਵਾਸਤੇ ਸਾਡੇ ਸਮਾਜ ਸੇਵਕ ਲੋਕਾਂ ਦੀ ਮਦਦ ਕਰਦੇ ਹਨ।

ਵਧੇਰੇ ਜਾਣਕਾਰੀ ਲਈ **servicesaustralia.gov.au/socialwork** ਉੱਤੇ ਜਾਓ।

## Financial Information Service

ਵਿੱਤੀ ਮਾਮਲਿਆਂ ਵਿੱਚ ਤੁਹਾਡੀ ਮਦਦ ਕਰਨ ਲਈ ਮੁਫ਼ਤ ਸੇਵਾ।

ਵਧੇਰੇ ਜਾਣਕਾਰੀ ਲਈ **servicesaustralia.gov.au/fis** ਉੱਤੇ ਜਾਓ।

# ਵਧੇਰੇ ਜਾਣਕਾਰੀ ਲਈ

- ਆਪਣੀ ਨਿਯਮਤ ਭੁਗਤਾਨ ਲਾਈਨ ਨੂੰ ਫੋਨ ਕਰੋ ਅਤੇ ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ ਤਾਂ ਸਾਨੂੰ ਦੱਸੋ। ਅਸੀਂ ਇਸ ਦਾ ਮੁਫ਼ਤ ਪ੍ਰਬੰਧ ਕਰਾਂਗੇ। ਸਾਡੇ ਫ਼ੋਨ ਨੰਬਰਾਂ ਦੀ ਸੂਚੀ ਵਾਸਤੇ, **servicesaustralia.gov.au/phoneus** ਉੱਤੇ ਜਾਓ
- Centrelink ਭੁਗਤਾਨਾਂ ਅਤੇ ਸੇਵਾਵਾਂ ਬਾਰੇ ਆਪਣੀ ਭਾਸ਼ਾ ਵਿੱਚ ਸਾਡੇ ਨਾਲ ਗੱਲ ਕਰਨ ਲਈ **131 202** ਉੱਤੇ ਫੋਨ ਕਰੋ।
- Medicare ਅਤੇ Child Support ਭੁਗਤਾਨਾਂ ਅਤੇ ਸੇਵਾਵਾਂ ਬਾਰੇ ਆਪਣੀ ਭਾਸ਼ਾ ਵਿੱਚ ਸਾਡੇ ਨਾਲ ਗੱਲ ਕਰਨ ਲਈ Translating and Interpreting Service (TIS National) ਨੂੰ **131 450** ਉੱਤੇ ਫੋਨ ਕਰੋ।
- ਅੰਗਰੇਜ਼ੀ ਵਿੱਚ ਵਧੇਰੇ ਜਾਣਕਾਰੀ ਵਾਸਤੇ **servicesaustralia.gov.au/covid19** ਉੱਤੇ ਜਾਓ।
- **servicesaustralia.gov.au/yourlanguage** ਉੱਤੇ ਜਾਓ, ਜਿੱਥੇ ਤੁਸੀਂ ਆਪਣੀ ਭਾਸ਼ਾ ਵਿੱਚ ਜਾਣਕਾਰੀ ਪੜ੍ਹ ਸਕਦੇ ਹੋ, ਸੁਣ ਸਕਦੇ ਹੋ ਜਾਂ ਵੇਖ ਸਕਦੇ ਹੋ।

ਤੁਹਾਡਾ ਫ਼ੋਨ ਪ੍ਰਦਾਤਾ ਤੁਹਾਡੇ ਘਰ ਦੇ ਫੋਨ ਤੋਂ '13' ਨੰਬਰਾਂ ਉੱਤੇ ਫੋਨ ਕਰਨ ਵਾਸਤੇ ਤੁਹਾਡੇ ਕੋਲੋਂ ਨਿਯਤ ਦਰ ਲੈ ਸਕਦਾ ਹੈ। ਇਹ ਆਸਟ੍ਰੇਲੀਆ ਵਿੱਚ ਕਿਤੋਂ ਵੀ ਕੀਤੀ ਜਾ ਸਕਦੀ ਹੈ ਅਤੇ ਤੁਹਾਡੇ ਫ਼ੋਨ ਪ੍ਰਦਾਤਾ ਦੇ ਹਿਸਾਬ ਨਾਲ ਇਹ ਦਰ ਵੱਖ-ਵੱਖ ਹੋ ਸਕਦੀ ਹੈ। ਤੁਹਾਡੇ ਘਰ ਦੇ ਫੋਨ ਤੋਂ '1800' ਨੰਬਰਾਂ ਉੱਤੇ ਕੀਤੇ ਫੋਨ ਮੁਫ਼ਤ ਹਨ। ਜੇ ਤੁਸੀਂ ਕਿਸੇ ਜਨਤਕ ਜਾਂ ਮੋਬਾਈਲ ਫ਼ੋਨ ਤੋਂ ਫੋਨ ਕਰਦੇ ਹੋ ਤਾਂ ਫ਼ੋਨ ਪ੍ਰਦਾਤਾ ਤੁਹਾਡੀ ਕਾਲ ਦਾ ਸਮਾਂ ਨਾਪ ਸਕਦੇ ਹਨ ਅਤੇ ਜ਼ਿਆਦਾ ਦਰ ਲੈ ਸਕਦੇ ਹਨ।

## ਬੇਦਾਅਵਾ

ਇਸ ਪ੍ਰਕਾਸ਼ਨ ਵਿੱਚ ਦਿੱਤੀ ਜਾਣਕਾਰੀ ਕੇਵਲ ਭੁਗਤਾਨਾਂ ਅਤੇ ਸੇਵਾਵਾਂ ਵਾਸਤੇ ਇਕ ਗਾਈਡ ਹੈ, ਅਤੇ 26 ਨਵੰਬਰ 2020 ਤੱਕ ਸਹੀ ਹੈ। ਕਿਰਪਾ ਕਰਕੇ ਸਭ ਤੋਂ ਵੱਧ ਤਾਜ਼ਾ ਜਾਣਕਾਰੀ ਵਾਸਤੇ ਸਾਡੀ ਵੈੱਬਸਾਈਟ ਦੀ ਜਾਂਚ ਕਰੋ। ਇਹ ਫੈਸਲਾ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਕੀ ਤੁਸੀਂ ਆਪਣੇ ਵਿਸ਼ੇਸ਼ ਹਾਲਾਤਾਂ ਦੇ ਆਧਾਰ ਉੱਤੇ ਭੁਗਤਾਨ ਵਾਸਤੇ ਅਰਜ਼ੀ ਦੇਣਾ ਚਾਹੁੰਦੇ ਹੋ।

Australian Government
Services Australia

ENGLISH

# If you are affected by coronavirus (COVID-19)

## JobKeeper Payment

You may be able to get JobKeeper Payment through your employer. Ask them if they have registered for this payment before you claim an income support payment from us. If they have and you are eligible, your employer will pay it to you.

If you are getting an income support payment and your employer starts paying you JobKeeper Payment, you must report that income to us. If you do not we will pay you too much and you will have a debt to pay back.

## If you need to apply for a Centrelink payment

We have made changes so it is easier for you to claim a payment. We have temporarily removed the waiting period for newly arrived residents to claim some of our payments. Use our payment guide to check which payment is right for you. Go to **servicesaustralia.gov.au/covid19**

If you already have a Centrelink Customer Reference Number (CRN), you can claim online. You do not need to go to a service centre or call us. Go to **my.gov.au** to make a claim for a Centrelink payment.

If you do not have a CRN, go to **my.gov.au** to get one. You can establish your identity and get a CRN using your myGov account to start your claim. You do not need to visit a service centre.

For more information go to **servicesaustralia.gov.au/covid19**

## Coronavirus Supplement

The **Coronavirus Supplement** is $250 per fortnight until 31 December 2020. From 1 January 2021 it will be $150 per fortnight.

You will get this supplement until 31 March 2021, as long as you get at least $1 of any of these payments:

- JobSeeker Payment
- Widow Allowance
- Partner Allowance
- Youth Allowance
- Austudy
- ABSTUDY Living Allowance
- Parenting Payment
- Farm Household Allowance
- Special Benefit.

We will pay it automatically into your bank account as part of your usual payment.

## Economic Support Payments

The Economic Support Payment is an extra payment for people getting certain payments or concession cards from us. We paid 2 Economic Support Payments of $750 to eligible customers in 2020.

We will pay 2 more Economic Support Payments of $250 to those eligible in December 2020 and March 2021.

If you claim Family Tax Benefit (FTB) as a lump sum, you will get the payment with your lump sum.

You are eligible if you get the following payments or concession cards from us:

- Age Pension
- Carer Allowance
- Carer Payment
- Commonwealth Seniors Health Card
- Disability Support Pension
- Double Orphan Pension
- Family Tax Benefit
- Pensioner Concession Card

We will pay you automatically, so you do not need to apply.

You will not get the payment if you get the Coronavirus Supplement.

### Department of Veterans' Affairs customers

The Department of Veterans' Affairs (DVA) will pay you the Economic Support Payment, if you get an eligible DVA benefit. You can learn more at **dva.gov.au**

## Special Benefit

There are no changes to the residence and eligibility rules for Special Benefit, apart from the newly arrived resident's waiting period (NARWP). It has been removed for Special Benefit claims until 31 March 2021.

If you cannot get any other income support payment from us, and you are in severe financial hardship you may get Special Benefit.

You will need to meet one of the following to be eligible:

- you have not lived in Australia long enough to qualify for Age Pension or Disability Support Pension
- you hold an eligible temporary visa
- you are an Australian citizen or permanent resident under 16 years of age.

For more information go to **servicesaustralia.gov.au/specialbenefit**

## Crisis Payment—National Health Emergency

You or the person you are caring for may qualify for Crisis Payment if you meet all of the following:

- either of you are in quarantine or self-isolation due to coronavirus
- you meet the severe financial hardship criteria
- you meet the eligibility rules for an income support payment
- you are in Australia when you claim Crisis Payment.

For more information go to **servicesaustralia.gov.au/crisispayment**

## Child Care Subsidy and Additional Child Care Subsidy

If your child cannot attend childcare, you should talk to your childcare service. You can get Child Care Subsidy for up to 42 absences per child each year for any reason. You should talk with your service about your options if your child cannot attend because of COVID-19.

### Updating your activity hours

The number of hours of Child Care Subsidy you can get each fortnight depends on the hours of activity you and your partner do. If your hours of recognised activity have changed, make sure you update this.

If your family is doing less activity because of COVID-19, you can apply for extra Child Care Subsidy hours. If eligible, you may get up to 100 hours per fortnight between 13 July 2020 and 4 April 2021.

## Temporary visa subclass holders

There are no changes to payments you can claim if you hold a temporary visa.

Temporary visa subclasses 060, 070, 309, 449, 785, 786, 790 and 820 may be eligible for:

- Crisis Payment
- Dad and Partner Pay
- Double Orphan Pension
- Family Tax Benefit
- Low Income Health Care Card
- Parental Leave Pay
- Special Benefit
- Stillborn Baby Payment.

For more information go to **servicesaustralia.gov.au/visaholders**

## Newly arrived resident’s waiting period

We have temporarily removed the NARWP, and the qualifying residence period for Parenting Payment, until 31 March 2021. This means if you have recently arrived in Australia you do not have to wait to claim one of these payments:

- Austudy
- Farm Household Allowance
- JobSeeker Payment
- Parenting Payment
- Special Benefit
- Youth Allowance.

For more information go to **servicesaustralia.gov.au/newresidentswaiting**

## Seasonal work preclusion period

Seasonal work is work that is only available for part of the year. Due to coronavirus we have removed the seasonal work preclusion period until 31 March 2021 for:

- Austudy
- ABSTUDY
- Farm Household Allowance
- JobSeeker Payment
- Parenting Payment
- Special Benefit
- Youth Allowance.

For more information go to **servicesaustralia.gov.au/covid19**

## Partner income test

If you get JobSeeker Payment, we have temporarily increased the amount your partner can earn before your payment will stop.

From 25 September 2020, your payment will reduce by 27 cents, instead of 25 cents, for every dollar your partner earns over $1165 per fortnight. This amount may change if you get Pharmaceutical Allowance or Rent Assistance. If your income is less than $300 per fortnight, your partner can earn up to $3086.11 before your payment reduces to zero.

The increased partner income test does not apply to Status Resolution Support Services payment.

For more information about how much you can get and what your income and assets limits are go to **servicesaustralia.gov.au/jsp**

## Income reporting

When we approve your claim for income support, you must tell us your and your partner's income. We cannot make your first payment until you do.

You must also report your and your partner's income to us each fortnight even it is $0.

This is so we can pay you the right amount.

For more information go to **servicesaustralia.gov.au/incomereporting**

## Mutual obligation requirements

There are things you must do to keep getting a payment. We call these mutual obligation or participation requirements. You may have them if you are getting one of these payments:

- JobSeeker Payment
- Parenting Payment
- Special Benefit
- Youth Allowance as a job seeker.

Check **servicesaustralia.gov.au/mutualobligation** or your myGov account for updates.

# Other support services that can help you

## Payment and Service Finder

Use the Payment and Service Finder to find support services in your local area. This can include counselling and mental health services.

For more information go to **servicesaustralia.gov.au/servicefinder**

## Family and domestic violence

If you are affected by family and domestic violence, we can help. We provide information, support and referrals.

For more information go to **servicesaustralia.gov.au/domesticviolence**

## Social work services

Our social workers help people with short-term counselling, information and referrals to support services.

For more information go to **servicesaustralia.gov.au/socialwork**

## Financial Information Service

A free service to help you with financial matters.

For more information go to **servicesaustralia.gov.au/fis**

# For more information

- Call your regular payment line and let us know if you need an interpreter. We will arrange one for free. For a list of our phone numbers, go to **servicesaustralia.gov.au/phoneus**
- Call **131 202** to speak with us in your language about Centrelink payments and services.
- Call the Translating and Interpreting Service (TIS National) on **131 450** to speak with us in your language about Medicare and Child Support payments and services.
- Go to **servicesaustralia.gov.au/covid19** for more information in English.
- Go to servicesaustralia.gov.au/yourlanguage where you can read, listen to or watch information in your language.

Your phone provider may charge you a fixed rate for calls from your home phone to ‘13’ numbers. This is from anywhere in Australia and the rate may vary depending on your phone provider. Calls to ‘1800’ numbers from your home phone are free. Phone providers may time your call and charge a higher rate if you call from a public or mobile phone.

## Disclaimer

The information contained in this publication is a guide to payments and services only, and is correct as of 26 November 2020. Please check our website for the most current information. It is your responsibility to decide if you wish to apply for a payment based on your particular circumstances.